Acas ਕਿਵੇਂ ਮਦਦ ਕਰ ਸਕਦੀ ਹੈ

ਕਲੇਮ ਤੋਂ ਪਹਿਲਾਂ ਰਾਜ਼ੀਨਾਮੇ ਦੀ ਵਿਆਖਿਆ

ਸੂਚਿਤ ਕਰਨਾ

ਸਲਾਹ ਦੇਣੀ

ਸਿਖਲਾਈ ਪ੍ਰਾਪਤ ਕਰਨੀ

ਤੁਹਾਡੇ ਨਾਲ ਕੰਮ ਕਰਨਾ

ਸੂਚਿਤ ਕਰਨਾ

ਸਲਾਹ ਦੇਣੀ

ਸਿਖਲਾਈ ਪ੍ਰਾਪਤ ਕਰਨੀ

ਤੁਹਾਡੇ ਨਾਲ ਕੰਮ ਕਰਨਾ

Acas ਰਾਜ਼ੀਨਾਮਾ

Acas ਇੱਕ ਜਨਤਕ ਰੂਪ ਵਿੱਚ ਧਨ ਪ੍ਰਾਪਤ ਕਰਨ ਵਾਲਾ ਸੁਤੰਤਰ ਸੰਗਠਨ ਹੈ। ਸਾਡਾ ਕੰਮ ਹੈ ਚੰਗੇ ਰੁਜ਼ਗਾਰ ਸੰਬੰਧਾਂ ਨੂੰ ਉਤਸ਼ਾਹਿਤ ਕਰਨਾ।

ਜੇ ਕਿਸੇ ਵਿਅਕਤੀ ਦਾ ਮੰਨਣਾ ਹੈ ਕਿ ਉਸਦੇ ਰੁਜ਼ਗਾਰ ਅਧਿਕਾਰਾਂ[1] ਦੇ ਸੰਬੰਧ ਵਿੱਚ ਉਸਦਾ ਕੋਈ ਕਲੇਮ ਬਣਦਾ ਹੈ, ਅਤੇ ਉਹ ਵਿਅਕਤੀ ਜਾਂ ਉਸਦਾ ਮਾਲਕ ਸਾਡੀ ਮਦਦ ਮੰਗਦਾ ਹੈ, ਤਾਂ ਅਸੀਂ ਦੋਵਾਂ ਨੂੰ ਸਵੀਕਾਰ ਹੱਲ ਲੱਭਣ ਵਿੱਚ ਉਹਨਾਂ ਦੇ ਨਾਲ ਮਿਲ ਕੇ ਕੰਮ ਕਰ ਸਕਦੇ ਹਾਂ ਤਾਂ ਜੋ ਉਹ ਕਿਸੇ ਟ੍ਰਾਇਬਿਊਨਲ ਵਲੋਂ ਮਾਮਲੇ ਨੂੰ ਸੁਣੇ ਜਾਣ ਦੀ ਲੋੜ ਤੋਂ ਬਚ ਸਕਣ। ਇਸ ਪ੍ਰਕਿਰਿਆ ਨੂੰ ਰਾਜ਼ੀਨਾਮਾ ਕਹਿੰਦੇ ਹਨ।

ਅਸੀਂ ਨਤੀਜੇ ਥੋਪਦੇ ਨਹੀਂ ਹਾਂ ਅਤੇ ਨਾ ਹੀ ਵਿਵਾਦ ਦੇ ਅਧੀਨ ਮਾਮਲੇ ਦੀਆਂ ਸਹੀ ਜਾਂ ਗਲਤ ਗੱਲਾਂ ਦੇ ਬਾਰੇ ਫ਼ੈਸਲੇ ਲੈਂਦੇ ਹਾਂ; ਅਸੀਂ ਸਿਰਫ਼ ਲੋਕਾਂ ਦੇ ਮਤਭੇਦਾਂ ਨੂੰ ਉਹਨਾਂ ਦੀਆਂ ਖ਼ੁਦ ਦੀਆਂ ਸ਼ਰਤਾਂ 'ਤੇ ਨਿਪਟਉਣ ਵਿੱਚ ਉਹਨਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਰਾਜ਼ੀਨਾਮਾ, ਕਿਸੇ ਇੰਪਲੋਇਮੈਂਟ ਟ੍ਰਾਇਬਿਊਨਲ ਨੂੰ ਕਲੇਮ ਪੇਸ਼ ਕੀਤੇ ਜਾਣ ਤੋਂ ਪਹਿਲਾਂ ਮੁਹੱਈਆ ਕੀਤਾ ਜਾ ਸਕਦਾ ਹੈ। ਇਸ ਕਿਤਾਬਚੇ ਵਿੱਚ ਸਮਝਾਇਆ ਗਿਆ ਹੈ ਕਿ ਉਹਨਾਂ ਮਾਮਲਿਆਂ ਵਿੱਚ ਅਸੀਂ ਕਿਵੇਂ ਮਦਦ ਕਰ ਸਕਦੇ ਹਾਂ।

ਜੇ ਤੁਹਾਨੂੰ ਕੋਈ ਅਸਮਰਥਤਾ ਹੈ ਤਾਂ ਕਿਰਪਾ ਕਰਕੇ ਸਾਨੂੰ ਦੱਸੋ ਕਿ ਕੀ ਤੁਹਾਡੇ ਕੇਸ 'ਤੇ ਕੰਮ ਕਰਦੇ ਸਮੇਂ ਸਾਨੂੰ ਤੁਹਾਡੇ ਲਈ ਕੋਈ ਖ਼ਾਸ ਪ੍ਰਬੰਧ ਕਰਨ ਦੀ ਲੋੜ ਹੈ।

ਜੇ ਤੁਹਾਨੂੰ ਕਿਸੇ ਦੁਭਾਸ਼ੀਏ ਨੂੰ ਵਰਤਣ ਦੀ ਲੋੜ ਹੈ, ਤਾਂ ਅਸੀਂ ਲੈਂਗਵੇਜ਼ ਲਾਈਨ ਦੇ ਮਾਧਿਅਮ ਨਾਲ ਗੱਲਬਾਤ ਦਾ ਪ੍ਰਬੰਧ ਕਰ ਸਕਦੇ ਹਾਂ ਜੋ ਕਿ ਪੂਰੀ ਤਰ੍ਹਾਂ ਨਾਲ ਗੁਪਤ ਅਤੇ ਨਿਰਪੱਖ ਸੇਵਾ ਹੈ।

ਇਹ ਕਿਤਾਬਚਾ ਵੈਕਲਪਿਕ ਰੂਪਾਂਤਰਾਂ ਵਿੱਚ ਵੀ ਉਪਲਬਧ ਕਰਾਇਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ 08702 42 90 90 'ਤੇ Acas ਪਬਲੀਕੇਸ਼ੰਜ਼ ਨੂੰ ਫ਼ੋਨ ਕਰੋ।

1 ਰੁਜ਼ਗਾਰ ਸੰਬੰਧੀ ਜ਼ਿਆਦਾਤਰ ਕਨੂੰਨੀ ਅਧਿਕਾਰ, ਸਿਰਫ਼ ਉਹਨਾਂ ਕਰਮਚਾਰੀਆਂ 'ਤੇ ਲਾਗੂ ਹੁੰਦੇ ਹਨ ਜੋ ਰੁਜ਼ਗਾਰ ਦੇ ਇਕਰਾਰਨਾਮੇ ਦੇ ਅਧੀਨ ਕੰਮ ਕਰਦੇ ਹਨ; ਪਰ ਕੁਝ ਅਧਿਕਾਰ ਸੇਵਾਵਾਂ ਲਈ ਇਕਰਾਰਨਾਮੇ ਅਧੀਨ ਕੰਮ ਕਰ ਰਹੇ ਕੁਝ ਖ਼ਾਸ ਵਰਕਰਾਂ 'ਤੇ ਵੀ ਲਾਗੂ ਹੁੰਦੇ ਹਨ। ਇਸ ਕਿਤਾਬਚੇ ਵਿੱਚ 'ਕਰਮਚਾਰੀਆਂ' ਨੂੰ, ਜਿੱਥੇ ਢੁਕਵਾਂ ਹੋਵੇ ਕਰਮਚਾਰੀਆਂ ਅਤੇ ਵਰਕਰਾਂ, ਦੋਵਾਂ ਦੇ ਅਰਥ ਵਿੱਚ ਲਿਆ ਜਾਣਾ ਚਾਹੀਦਾ ਹੈ। ਜੇ ਤੁਹਾਡੇ ਜਾਂ ਤੁਹਾਡੇ ਲਈ ਕੰਮ ਕਰਨ ਵਾਲੇ ਕਿਸੇ ਵਿਅਕਤੀ ਦੇ ਰੁਜ਼ਗਾਰ ਦੇ ਦਰਜੇ ਦੇ ਬਾਰੇ ਤੁਹਾਨੂੰ ਕੋਈ ਸ਼ੱਕ ਹੋਵੇ, ਤਾਂ ਕਨੂੰਨੀ ਸਲਾਹ ਲੈਣ ਦੀ ਲੋੜ ਹੋ ਸਕਦੀ ਹੈ।

Acas ਰਾਜ਼ੀਨਾਮੇ ਦੀਆਂ ਮੁੱਖ ਵਿਸ਼ੇਸ਼ਤਾਵਾਂ

ਸਾਲਸ **ਨਿਰਪੱਖ** ਹੁੰਦੇ ਹਨ। ਇਸਦਾ ਅਰਥ ਹੈ ਕਿ ਉਹ ਹੇਠਾਂ ਲਿਖੇ ਕੰਮ ਨਹੀਂ ਕਰਦੇ ਹਨ:

- ਮਾਲਕ ਜਾਂ ਕਰਮਚਾਰੀ ਦੀ ਪ੍ਰਤਿਨਿਧਤਾ ਕਰਨੀ
- ਪੱਖ ਲੈਣਾ
- ਕਿਸੇ ਕਲੇਮ ਜਾਂ ਸੰਭਾਵਿਤ ਕਲੇਮ ਦੀਆਂ ਖੂਬੀਆਂ 'ਤੇ ਕੋਈ ਸਪਸ਼ਟ ਰਾਇ ਦੇਣੀ
- ਤਰਕੀਬਾਂ ਬਾਰੇ, ਜਾਂ ਟ੍ਰਾਇਬਿਊਨਲ ਵਿੱਚ ਜਿੱਤਣ ਦੇ ਤਰੀਕੇ ਬਾਰੇ ਸਲਾਹ ਦੇਣੀ
- ਲੋਕਾਂ 'ਤੇ ਕਿਸੇ ਕੇਸ ਨੂੰ ਨਿਪਟਉਣ ਜਾਂ ਉਸਨੂੰ ਛੱਡਣ ਲਈ ਦਬਾਉ ਪਾਉਣਾ।

ਰਾਜ਼ੀਨਾਮਾ **ਗੁਪਤ** ਹੁੰਦਾ ਹੈ। ਇਸਦਾ ਅਰਥ ਹੈ ਕਿ:

- ਜਦੋਂ ਤਕ ਤੁਸੀਂ ਨਾ ਚਾਹੋ ਤੁਹਾਡੇ ਵਲੋਂ ਕਹੀ ਗਈ ਕੋਈ ਵੀ ਗੱਲ ਕਿਸੇ ਦੂਸਰੇ ਵਿਅਕਤੀ ਨੂੰ ਨਹੀਂ ਦੱਸੀ ਜਾਵੇਗੀ, ਟ੍ਰਾਇਬਿਊਨਲ ਨੂੰ ਵੀ ਨਹੀਂ।

ਰਾਜ਼ੀਨਾਮਾ **ਸੁਤੰਤਰ** ਹੁੰਦਾ ਹੈ। ਇਸਦਾ ਅਰਥ ਹੈ ਕਿ:

- ਇਹ ਇੰਪਲੋਇਮੈਂਟ ਟ੍ਰਾਇਬਿਊਨਲ ਤੋਂ ਪੂਰੀ ਤਰ੍ਹਾਂ ਨਾਲ ਵੱਖਰਾ ਹੁੰਦਾ ਹੈ ਅਤੇ ਜੇ ਕੋਈ ਸਮਝੌਤਾ ਨਹੀਂ ਹੁੰਦਾ ਹੈ, ਤਾਂ ਕਿਸੇ ਕਲੇਮ ਨੂੰ ਅਜੇ ਵੀ ਅੱਗੇ ਵਧਾਇਆ ਜਾ ਸਕਦਾ ਹੈ।

ਰਾਜ਼ੀਨਾਮਾ **ਸਵੈਇੱਛੁਕ** ਹੁੰਦਾ ਹੈ। ਇਸਦਾ ਅਰਥ ਹੈ ਕਿ:

- ਮਾਲਕ ਅਤੇ ਕਰਮਚਾਰੀ ਕਿਸੇ ਵੀ ਸਮੇਂ ਰਾਜ਼ੀਨਾਮੇ ਵਿੱਚ ਜਾਣ ਜਾਂ ਇਸ ਤੋਂ ਬਾਹਰ ਹੋਣ ਦੀ ਚੋਣ ਕਰ ਸਕਦੇ ਹਨ
- ਸਾਲਸ ਨੂੰ ਕਿਸੇ ਵੀ ਵਿਅਕਤੀ ਨੂੰ ਕੋਈ ਕਾਰਵਾਈ ਕਰਨ ਲਈ ਮਜ਼ਬੂਰ ਕਰਨ ਦਾ ਅਧਿਕਾਰ ਨਹੀਂ ਹੈ
- ਇਸ ਬਾਰੇ ਕੋਈ ਵੀ ਪ੍ਰਤਿਬੰਧ ਨਹੀਂ ਹਨ ਕਿ ਨਿਪਟਾਰੇ ਦੇ ਸਮਝੌਤੇ ਦੀਆਂ ਸ਼ਰਤਾਂ ਵਿੱਚ ਕੀ ਸ਼ਾਮਲ ਕੀਤਾ ਜਾ ਸਕਦਾ ਹੈ (ਜਦੋਂ ਤਕ ਕਿ ਇਸ ਵਿੱਚ ਕੋਈ ਵੀ ਗੈਰ-ਕਾਨੂੰਨੀ ਗੱਲ ਨਾ ਹੋਵੇ)।

ਰਾਜ਼ੀਨਾਮੇ ਦੇ ਵਰਤੋਂ ਦੇ ਸਮੇਂ ਇਹ **ਮੁਫ਼ਤ** ਹੁੰਦਾ ਹੈ। ਇਸਦਾ ਅਰਥ ਹੈ ਕਿ:

- ਇਸਨੂੰ ਜਨਤਕ ਤੌਰ 'ਤੇ ਧਨ ਪ੍ਰਾਪਤ ਹੁੰਦਾ ਹੈ: ਮਾਲਕ ਜਾਂ ਕਰਮਚਾਰੀ ਤੋਂ ਕੋਈ ਫ਼ੀਸ ਨਹੀਂ ਲਈ ਜਾਂਦੀ।

ਸੂਚਿਤ ਕਰਨਾ

ਸਲਾਹ ਦੇਣੀ

ਸਿਖਲਾਈ ਪ੍ਰਾਪਤ ਕਰਨੀ

ਤੁਹਾਡੇ ਨਾਲ ਕੰਮ ਕਰਨਾ

ਇਸਦੇ ਕੀ-ਕੀ ਚੋਣਾਂ ਹਨ?

ਜੇ ਕੋਈ ਕਰਮਚਾਰੀ ਮਹਿਸੂਸ ਕਰਦਾ ਹੈ ਕਿ ਉਹ ਆਪਣੇ ਰੁਜ਼ਗਾਰ ਸੰਬੰਧੀ ਅਧਿਕਾਰਾਂ ਦੇ ਬਾਰੇ ਸ਼ਿਕਾਇਤ ਕਰ ਸਕਦਾ ਹੈ ਪਰ ਉਸਨੇ ਕਿਸੇ ਇੰਪਲੋਇਮੈਂਟ ਟ੍ਰਾਇਬਿਊਨਲ ਨੂੰ ਕਲੇਮ ਪੇਸ਼ ਨਹੀਂ ਕੀਤਾ ਹੈ, ਤਾਂ ਅੱਗੇ ਵਧੇ ਬਿਨਾਂ ਮਾਮਲੇ ਨੂੰ ਹੱਲ ਕੀਤੇ ਜਾਣ ਦੇ ਕਈ ਤਰੀਕੇ ਹਨ:

ਕੰਮ ਦੇ ਸਥਾਨ ਦੀਆਂ ਪ੍ਰਕਿਰਿਆਵਾਂ ਦੀ ਵਰਤੋਂ ਕਰੋ – ਕਿਸੇ ਹੋਰ ਚੋਣ 'ਤੇ ਵਿਚਾਰ ਕਰਨ ਤੋਂ ਪਹਿਲਾਂ ਮਾਲਕਾਂ ਅਤੇ ਕਰਮਚਾਰੀਆਂ ਨੂੰ ਹਮੇਸ਼ਾ ਇਸਨੂੰ ਅਜ਼ਮਾਉਣਾ ਚਾਹੀਦਾ ਹੈ। ਇਹ ਸਾਰੇ ਸੰਬੰਧਤ ਲੋਕਾਂ[2] ਲਈ ਆਮ ਤੌਰ 'ਤੇ ਵਧੇਰੇ ਤੇਜ਼, ਘੱਟ ਤਣਾਉ ਭਰਿਆ ਅਤੇ ਘੱਟ ਮਹਿੰਗਾ ਤਰੀਕਾ ਹੁੰਦਾ ਹੈ;

Acas ਦੇ ਮਾਧਿਅਮ ਨਾਲ ਰਾਜ਼ੀਨਾਮਾ ਕਰੋ – ਅਸੀਂ ਵਿਅਕਤੀ ਦੇ ਰੁਜ਼ਗਾਰ ਅਧਿਕਾਰਾਂ ਬਾਰੇ ਲਗਭਗ ਹਰ ਤਰ੍ਹਾਂ ਦੇ ਸੰਭਾਵਿਤ ਕਲੇਮ ਵਿੱਚ ਰਾਜ਼ੀਨਾਮਾ ਕਰਾ ਸਕਦੇ ਹਾਂ। ਜ਼ਿਆਦਾਤਰ ਕਲੇਮਾਂ ਦਾ ਹੱਲ ਬਿਨਾਂ ਅੱਗੇ ਵਧੇ ਹੋ ਜਾਂਦਾ ਹੈ;

ਮਾਮਲੇ ਨੂੰ ਨਿੱਜੀ ਤੌਰ 'ਤੇ ਨਿਪਟਾਉ – ਮਾਲਕ ਅਤੇ ਕਰਮਚਾਰੀ ਸਿੱਧਾ, ਜਾਂ ਕਿਸੇ ਵਪਾਰਕ ਵਿਚੋਲੇ ਦੀ ਸਹਾਇਤਾ ਨਾਲ ਗੱਲਬਾਤ ਕਰ ਸਕਦੇ ਹਨ, ਅਤੇ ਕੁਝ ਖ਼ਾਸ ਹਾਲਾਤਾਂ ਵਿੱਚ ਇੱਕ ਵਿਚਕਾਰਲੇ ਸਮਝੌਤੇ ਦੇ ਦੁਆਰਾ ਕਿਸੇ ਸੰਭਾਵਿਤ ਕਲੇਮ ਦਾ ਨਿਪਟਾਰਾ ਕਰ ਸਕਦੇ ਹਨ।

ਜੇ ਉੱਪਰ ਦੱਸੀਆਂ ਗਈਆਂ ਇੱਕ ਜਾਂ ਵੱਧ ਚੋਣਾਂ ਨੂੰ ਅਜ਼ਮਾਉਣ ਦੇ ਬਾਵਜੂਦ ਕਿਸੇ ਹੱਲ 'ਤੇ ਸਹਿਮਤੀ ਨਹੀਂ ਬਣਦੀ ਹੈ, ਤਾਂ ਕਰਮਚਾਰੀ ਅਜੇ ਵੀ ਟ੍ਰਾਇਬਿਊਨਲ ਨੂੰ ਕਲੇਮ ਪੇਸ਼ ਕਰਨ ਦੀ ਚੋਣ ਕਰ ਸਕਦਾ ਹੈ। ਇਹ ਜ਼ਰੂਰੀ ਹੁੰਦਾ ਹੈ ਕਿ ਕਲੇਮ, ਉਹਨਾਂ ਨਾਲ ਸੰਬੰਧਤ ਘਟਨਾਵਾਂ ਦੇ ਬਾਅਦ ਇੱਕ ਖ਼ਾਸ ਸਮੇਂ-ਸੀਮਾ ਦੇ ਅੰਦਰ ਕੀਤੇ ਜਾਣ। ਜ਼ਿਆਦਾਤਰ ਮਾਮਲਿਆਂ ਵਿੱਚ ਇਹ ਸਮਾਂ-ਸੀਮਾ ਤਿੰਨ ਮਹੀਨਿਆਂ ਦੀ ਹੁੰਦੀ ਹੈ।

ਸੀਮਿਤ ਹਾਲਾਤਾਂ ਵਿੱਚ ਟ੍ਰਾਇਬਿਊਨਲ ਦੇਰ ਨਾਲ ਪੇਸ਼ ਕੀਤੇ ਗਏ ਕਲੇਮ ਸਵੀਕਾਰ ਕਰ ਸਕਦੇ ਹਨ; ਪਰ ਰਾਜ਼ੀਨਾਮੇ ਜਾਂ ਉੱਪਰ ਵਰਣਨ ਕੀਤੇ ਗਏ ਕਿਸੇ ਵੀ ਹੋਰ ਕੰਮਾਂ ਵਿੱਚ ਹਿੱਸਾ ਲੈਣਾ ਇਸਦੇ ਲਈ ਅਧਾਰ ਨਹੀਂ ਬਣਦਾ ਹੈ। ਇਹ ਪਤਾ ਲਗਾਉਣਾ ਕਰਮਚਾਰੀ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਕਿਹੜੀਆਂ ਸਮਾਂ-ਸੀਮਾਵਾਂ ਲਾਗੂ ਹੁੰਦੀਆਂ ਹਨ ਅਤੇ ਯਕੀਨੀ ਬਣਾਇਆ ਜਾਵੇ ਕਿ ਉਸ ਸਮੇਂ ਤੋਂ ਪਹਿਲਾਂ ਮਾਮਲੇ ਦਾ ਹੱਲ ਨਹੀਂ ਹੋਣ 'ਤੇ ਉਹ ਕਲੇਮ ਕਰਨ ਦਾ ਅਧਿਕਾਰ ਗੁਆ ਨਾ ਦੇਣ। ਜਿਨ੍ਹਾਂ ਮਾਲਕਾਂ ਜਾਂ ਕਰਮਚਾਰੀਆਂ ਨੂੰ ਇਸ ਬਾਰੇ ਸ਼ੱਕ ਹੋਵੇ ਕਿ ਇਹ ਗੱਲ ਕਿਸੇ ਖ਼ਾਸ ਮਾਮਲੇ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ, ਉਹਨਾਂ ਨੂੰ ਕਨੂੰਨੀ ਸਲਾਹ ਲੈਣੀ ਚਾਹੀਦੀ ਹੈ।

2 'ਅਨੁਸ਼ਾਸਨੀ ਅਤੇ ਸ਼ਿਕਾਇਤ ਪ੍ਰਕਿਰਿਆਵਾਂ 'ਤੇ Acas ਦੇ ਵਿਵਹਾਰ ਦੇ ਨਿਯਮ' ਵਿੱਚ ਉਹ ਸਿਧਾਂਤ ਦੱਸੇ ਗਏ ਹਨ ਜਿਨ੍ਹਾਂ ਦਾ ਪਾਲਨ ਮਾਲਕਾਂ ਅਤੇ ਕਰਮਚਾਰੀਆਂ ਨੂੰ ਉਹਨਾਂ ਕੰਮ ਦੇ ਸਥਾਨ ਨਾਲ ਸੰਬੰਧਤ ਅਜਿਹੀਆਂ ਜ਼ਿਆਦਾਤਰ ਸਮੱਸਿਆਵਾਂ ਦੇ ਨਾਲ ਨਿਪਟਦੇ ਸਮੇਂ ਕਰਨਾ ਚਾਹੀਦਾ ਹੈ ਜੋ ਇੰਪਲੋਇਮੈਂਟ ਟ੍ਰਾਇਬਿਊਨਲ ਦੇ ਕਲੇਮਾਂ ਦਾ ਵਿਸ਼ਾ ਬਣ ਸਕਦੀਆਂ ਹਨਾਂ। ਜੇ ਬਾਅਦ ਵਿੱਚ ਕਲੇਮ ਕੀਤਾ ਜਾਂਦਾ ਹੈ ਅਤੇ ਟ੍ਰਾਇਬਿਊਨਲ ਨੂੰ ਪਤਾ ਲਗਦਾ ਹੈ ਕਿ ਜਾਂ ਤਾਂ ਮਾਲਕ ਜਾਂ ਕਰਮਚਾਰੀ ਅਨੁਚਿਤ ਢੰਗ ਨਾਲ ਵਿਵਹਾਰ ਦੇ ਨਿਯਮਾਂ ਦਾ ਪਾਲਨ ਕਰਨ ਵਿੱਚ ਅਸਫਲ ਰਿਹਾ ਹੈ, ਤਾਂ ਹਰਜਾਨੇ ਨੂੰ 25% ਤਕ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ।

ਰਾਜ਼ੀਨਾਮੇ ਦੀ ਚੋਣ ਕਿਉਂ ਕੀਤੀ ਜਾਵੇ?

- **ਇਸ ਨਾਲ ਸਮੇਂ ਅਤੇ ਪੈਸੇ ਦੀ ਬੱਚਤ ਹੁੰਦੀ ਹੈ।** ਟ੍ਰਾਇਬਿਊਨਲ ਕਲੇਮ ਲਈ ਤਿਆਰੀ ਕਰਨ ਜਾਂ ਉਸਦਾ ਜਵਾਬ ਦੇਣ ਵਿੱਚ ਕਾਫ਼ੀ ਸਮਾਂ ਲੱਗ ਜਾਂਦਾ ਹੈ ਅਤੇ ਜੇ ਟ੍ਰਾਇਬਿਊਨਲ ਦੀ ਕੋਈ ਸੁਣਵਾਈ ਹੁੰਦੀ ਹੈ ਤਾਂ ਮਾਲਕ ਅਤੇ ਕਰਮਚਾਰੀ ਦੇ ਪ੍ਰਤਿਨਿਧਤਾ ਸੰਬੰਧੀ ਖਰਚੇ ਹੋ ਸਕਦੇ ਹਨ।

- **ਤਣਾਉ ਨੂੰ ਘੱਟ ਤੋਂ ਘੱਟ ਕਰਦਾ ਹੈ।** ਸਿਰਫ਼ ਕਿਸੇ ਟ੍ਰਾਇਬਿਊਨਲ ਕਲੇਮ ਲਈ ਤਿਆਰੀ ਕਰਨੀ ਜਾਂ ਉਸਦਾ ਜਵਾਬ ਦੇਣਾ ਵੀ ਤਣਾਉ ਭਰਿਆ ਹੋ ਸਕਦਾ ਹੈ। ਲਗਭਗ ਹਰ ਇੱਕ ਵਿਅਕਤੀ ਨੂੰ ਕਿਸੇ ਕੇਸ ਦੇ ਪਿੱਛੇ ਲੱਗੇ ਰਹਿਣ ਜਾਂ ਉਸਦਾ ਬਚਾਉ ਕਰਨ ਦੀ ਪ੍ਰਕਿਰਿਆ ਮੁਸ਼ਕਲ ਲੱਗਦੀ ਹੈ, ਅਤੇ ਟ੍ਰਾਇਬਿਊਨਲ ਵਿੱਚ ਆਉਣਾ ਬਹੁਤ ਜ਼ਿਆਦਾ ਦੁਖੀ ਕਰਨ ਵਾਲਾ ਅਨੁਭਵ ਹੋ ਸਕਦਾ ਹੈ।

- **ਤੇਜ਼ ਹੱਲ** ਦੀ ਸੰਭਾਵਨਾ ਪੇਸ਼ ਕਰਦਾ ਹੈ। ਬਹੁਤ ਸਾਰੇ ਮਾਮਲਿਆਂ ਦੇ ਨਾਲ ਕੁਝ ਟੈਲੀਫ਼ੋਨ ਕਾਲਾਂ ਜਾਂ ਇੱਕ ਛੋਟੀ ਮੀਟਿੰਗ ਦੇ ਰਾਹੀਂ ਨਿਪਟਿਆ ਜਾ ਸਕਦਾ ਹੈ, ਅਤੇ ਇਸਦੇ ਬਾਅਦ ਜਲਦੀ ਹੀ ਸਹਿਮਤ ਕੀਤੇ ਗਏ ਨਿਪਟਾਰਿਆਂ ਨੂੰ ਲਾਗੂ ਕੀਤਾ ਜਾ ਸਕਦਾ ਹੈ।

- **ਦੋਵਾਂ ਲਈ ਜਿੱਤ** ਦੇ ਨਤੀਜੇ ਪੈਦਾ ਕਰਦਾ ਹੈ। ਟ੍ਰਾਇਬਿਊਨਲ ਵਿੱਚ, ਕੋਈ ਵਿਅਕਤੀ ਹਮੇਸ਼ਾ ਹਾਰਦਾ ਹੈ; ਅਤੇ 'ਜੇਤੂ' ਨੂੰ ਵੀ ਪ੍ਰਕਿਰਿਆ ਤੋਂ ਹਮੇਸ਼ਾ ਆਪਣੀ ਮਰਜ਼ੀ ਦਾ ਫ਼ੈਸਲਾ ਨਹੀਂ ਮਿਲੇਗਾ।

- ਮਾਲਕ ਅਤੇ ਕਰਮਚਾਰੀ ਨੂੰ **ਨਿਯੰਤ੍ਰਣ** ਦਿੰਦਾ ਹੈ। ਨਿਪਟਾਰੇ ਸਮਝੌਤਿਆਂ ਦੁਆਰਾ ਕੀਤੇ ਜਾਂਦੇ ਹਨ। ਟ੍ਰਾਇਬਿਊਨਲ ਵਿੱਚ ਫ਼ੈਸਲਿਆਂ ਨੂੰ ਧਿਰਾਂ ਦੇ ਹੱਥਾਂ ਤੋਂ ਕੱਢ ਲਿਆ ਜਾਂਦਾ ਹੈ।

- ਵਿਵਾਦ ਦਾ ਹੱਲ **ਮਾਲਕ ਅਤੇ ਕਰਮਚਾਰੀ ਲਈ ਉਚਿਤ ਤਰੀਕੇ ਨਾਲ ਕਰਦਾ ਹੈ,** ਨਾ ਕਿ ਇਸ ਅਧਾਰ 'ਤੇ ਕਿ ਟ੍ਰਾਇਬਿਊਨਲ ਦੀ ਕੀ ਕੁਝ ਦੇਣ ਦੀ ਸ਼ਕਤੀ ਹੈ, (ਜਿਵੇਂ ਕਿ ਟ੍ਰਾਇਬਿਊਨਲ ਹਵਾਲੇ ਦਿੱਤੇ ਜਾਣ ਦਾ ਹੁਕਮ ਨਹੀਂ ਦੇ ਸਕਦਾ ਹੈ, ਜਾਂ ਹੀ ਇਹ ਕਹਿ ਸਕਦਾ ਹੈ ਕਿ ਇਹਨਾਂ ਵਿੱਚ ਕੀ ਸ਼ਾਮਲ ਹੋਣਾ ਚਾਹੀਦਾ ਹੈ)।

- **ਸੁਣਵਾਈ ਦੀ ਰਸਮੀ ਕਾਰਵਾਈ** ਤੋਂ ਬਚਦਾ ਹੈ। ਹਾਲਾਂਕਿ ਜ਼ਿਆਦਾਤਰ ਅਦਾਲਤਾਂ ਦੀ ਤੁਲਨਾ ਵਿੱਚ ਟ੍ਰਾਇਬਿਊਨਲ ਘੱਟ 'ਰਸਮੀ' ਅਤੇ ਕਾਨੂੰਨੀ ਗੱਲਾਂ ਵਾਲੇ ਹੁੰਦੇ ਹਨ, ਫੇਰ ਵੀ ਇਹ ਇੱਕ ਅਦਾਲਤੀ ਪ੍ਰਕਿਰਿਆ ਹੁੰਦੀ ਹੈ ਜਿਸ ਤੋਂ ਜ਼ਿਆਦਾਤਰ ਲੋਕ ਅਣਜਾਣ ਹੁੰਦੇ ਹਨ ਅਤੇ ਬੇਆਰਾਮੀ ਮਹਿਸੂਸ ਕਰਦੇ ਹਨ।

- **ਰੁਜ਼ਗਾਰ ਸੰਬੰਧ ਦੇ ਸਥਾਈ ਤੌਰ 'ਤੇ ਵਿਗੜ ਜਾਣ ਤੋਂ ਬਚਣ ਦੀ ਸੰਭਾਵਨਾ** ਨੂੰ ਵਧਾਉਂਦਾ ਹੈ - ਜੇ ਮਾਲਕ ਅਤੇ ਕਰਮਚਾਰੀ ਇਹੀ ਪ੍ਰਾਪਤ ਕਰਨਾ ਚਾਹੁੰਦੇ ਹਨ।

ਸੂਚਿਤ ਕਰਨਾ

ਸਲਾਹ ਦੇਣੀ

ਸਿਖਲਾਈ ਪ੍ਰਾਪਤ ਕਰਨੀ

ਤੁਹਾਡੇ ਨਾਲ ਕੰਮ ਕਰਨਾ

ਸਾਲਸ ਕੀ ਕਰੇਗਾ?

ਇਹ ਛਾਣਬੀਨ ਕਰਨ ਲਈ ਕਿ ਸੰਭਾਵਿਤ ਕਲੇਮ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ, ਸਾਲਸ ਮਾਲਕ ਅਤੇ ਕਰਮਚਾਰੀ ਨਾਲ ਮੁੱਦਿਆਂ 'ਤੇ ਗੱਲਬਾਤ ਕਰੇਗਾ। ਜ਼ਿਆਦਾਤਰ ਇਹ ਟੈਲੀਫ਼ੋਨ 'ਤੇ ਹੋਵੇਗਾ, ਪਰ ਕਦੇ-ਕਦੇ ਸਾਲਸ ਦੀ ਪ੍ਰਧਾਨਗੀ ਵਿੱਚ ਇੱਕ ਮੀਟਿੰਗ ਸਹਾਇਕ ਹੋ ਸਕਦੀ ਹੈ।

ਜਿੱਥੇ ਠੀਕ ਹੋਵੇ, ਸਾਲਸ ਹੇਠਾਂ ਲਿਖੇ ਕੰਮ ਵੀ ਕਰੇਗਾ:

- ਰਾਜ਼ੀਨਾਮੇ ਦੀ ਪ੍ਰਕਿਰਿਆ ਨੂੰ ਸਮਝਾਏਗਾ
- ਸਮਝਾਏਗਾ ਕਿ ਟ੍ਰਾਇਬਿਊਨਲ ਕਿਵੇਂ ਕੰਮ ਕਰਦਾ ਹੈ ਅਤੇ ਅਜਿਹੇ ਹੀ ਹਾਲਾਤਾਂ ਵਿੱਚ ਕਲੇਮਾਂ ਦਾ ਫ਼ੈਸਲਾ ਕਰਨ ਵਿੱਚ ਉਹ ਕਿਨ੍ਹਾਂ ਗੱਲਾਂ 'ਤੇ ਧਿਆਨ ਦੇਣਗੇ
- ਚੋਣਾਂ 'ਤੇ ਗੱਲਬਾਤ ਕਰੇਗਾ
- ਮਾਲਕ ਅਤੇ ਕਰਮਚਾਰੀ ਦੇ ਹਿਤਾਂ ਅਤੇ ਚਿੰਤਾਵਾਂ, ਸਥਿਤੀਆਂ ਅਤੇ ਇਰਾਦਿਆਂ ਨੂੰ ਸਪਸ਼ਟ ਕਰਨ ਵਿੱਚ ਮਦਦ ਕਰਨ ਲਈ ਪ੍ਰਸ਼ਨ ਪੁੱਛੇਗਾ
- ਹਰ ਇੱਕ ਵਿਅਕਤੀ ਦੀ ਇਹ ਸਮਝਣ ਵਿੱਚ ਮਦਦ ਕਰੇਗਾ ਕਿ ਦੂਸਰੇ ਵਿਅਕਤੀ ਦੇ ਕੇਸ ਬਾਰੇ ਕੀ ਵਿਚਾਰ ਹਨ, ਅਤੇ
- ਮਾਲਕ ਅਤੇ ਕਰਮਚਾਰੀ ਦੇ ਵਿੱਚ ਨਿਪਟਾਰੇ ਲਈ ਕਿਸੇ ਵੀ ਪੇਸ਼ਕਸ਼ਾਂ ਨੂੰ ਇੱਕ-ਦੂਸਰੇ ਤਕ ਪਹੁੰਚਾਏਗਾ।

ਸਾਲਸ ਹੇਠਾਂ ਲਿਖੇ ਕੰਮ ਨਹੀਂ ਕਰੇਗਾ:

- ਕੇਸ 'ਤੇ ਜਾਂ ਸੁਣਵਾਈ ਦੇ ਸੰਭਾਵਿਤ ਨਤੀਜੇ 'ਤੇ ਕੋਈ ਫ਼ੈਸਲਾ ਨਹੀਂ ਦੇਵੇਗਾ
- ਮਾਲਕ ਜਾਂ ਕਰਮਚਾਰੀ ਨੂੰ ਸਲਾਹ ਨਹੀਂ ਦਵੇਗਾ ਕਿ ਨਿਪਟਾਰੇ ਲਈ ਕਿਸੇ ਪੇਸ਼ਕਸ਼ਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਜਾਂ ਨਹੀਂ
- ਨਾ ਤਾਂ ਪ੍ਰਤਿਨਿਧੀ ਦੇ ਰੂਪ ਵਿੱਚ ਕੰਮ ਕਰੇਗਾ ਅਤੇ ਨਾ ਹੀ ਕਿਸੇ ਹੋਰ ਤਰੀਕੇ ਨਾਲ ਪੱਖ ਲਵੇਗਾ।

ਪ੍ਰਤਿਨਿਧਤਾ ਦੇ ਬਾਰੇ ਕੀ ਹੈ?

ਜੇ ਤੁਸੀਂ ਆਪਣੇ ਵਲੋਂ ਕੰਮ ਕਰਨ ਲਈ ਕਿਸੇ ਪ੍ਰਤਿਨਿਧੀ ਨੂੰ ਨਿਯੁਕਤ ਕਰਦੇ ਹੋ, ਤਾਂ ਅਸੀਂ ਉਸਦੇ ਮਾਧਿਅਮ ਨਾਲ ਰਾਜ਼ੀਨਾਮਾ ਕਰਾਂਗੇ। ਤੁਹਾਡਾ ਪ੍ਰਤਿਨਿਧੀ ਤੁਹਾਡੇ ਵਲੋਂ ਕਿਸੇ ਸਮਝੌਤੇ 'ਤੇ ਸਹਿਮਤੀ ਦੇ ਸਕਦਾ ਹੈ। ਕਿਉਂਕਿ ਨਿਪਟਾਰੇ ਕਨੂੰਨੀ ਤੌਰ 'ਤੇ ਬੰਧਨਕਾਰੀ ਹੁੰਦੇ ਹਨ, ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਤੁਹਾਡਾ ਪ੍ਰਤਿਨਿਧੀ ਤੁਹਾਡੀਆਂ ਲੋੜਾਂ ਨੂੰ ਚੰਗੀ ਤਰ੍ਹਾਂ ਨਾਲ ਸਮਝਦਾ ਹੋਵੇ, ਉਸਨੂੰ ਤੁਹਾਡੇ ਵਲੋਂ ਕਿਸੇ ਸਮਝੌਤੇ ਵਿੱਚ ਦਾਖਲ ਹੋਣ ਲਈ ਤੁਹਾਡਾ ਪ੍ਰਤੱਖ ਅਧਿਕਾਰ ਪ੍ਰਾਪਤ ਹੋਵੇ ਅਤੇ ਉਸਦਾ ਨਿਯਮਿਤ ਰੂਪ ਵਿੱਚ ਤੁਹਾਡੇ ਨਾਲ ਸੰਪਰਕ ਹੋਵੇ ਤਾਂ ਜੋ ਤੁਹਾਨੂੰ ਰਾਜ਼ੀਨਾਮੇ ਵਿੱਚ ਹੋਈ ਕਿਸੇ ਵੀ ਤਰੱਕੀ ਦੀ ਜਾਣਕਾਰੀ ਹੋਵੇ।

ਜੇ ਮੈਂ Acas ਦੇ ਮਾਧਿਅਮ ਨਾਲ ਸ਼ਿਕਾਇਤ ਦਾ ਨਿਪਟਾਰਾ ਕਰ ਲੈਂਦਾ/ਲੈਂਦੀ ਹਾਂ, ਤਾਂ ਕੀ ਹੁੰਦਾ ਹੈ?

ਜੇ ਤੁਸੀਂ Acas ਦੇ ਮਾਧਿਅਮ ਨਾਲ ਸ਼ਿਕਾਇਤ ਦਾ ਨਿਪਟਾਰਾ ਕਰਦੇ ਹੋ, ਤਾਂ ਸਮਝੌਤਾ ਕਨੂੰਨੀ ਤੌਰ 'ਤੇ ਬੰਧਨਕਾਰੀ ਹੋਵੇਗਾ ਅਤੇ ਉਸਦੇ ਬਾਅਦ ਵਿਚਾਰ-ਅਧੀਨ ਮਾਮਲੇ 'ਤੇ ਇੰਪਲ�ॉਇਮੈਂਟ ਟ੍ਰਾਇਬਿਊਨਲ ਦੇ ਕੋਲ ਕੋਈ ਕਲੇਮ ਪੇਸ਼ ਨਹੀਂ ਕੀਤਾ ਜਾ ਸਕਦਾ ਹੈ। ਕਨੂੰਨੀ ਤੌਰ 'ਤੇ ਬੰਧਨਕਾਰੀ ਹੋਣ ਲਈ ਸਮਝੌਤਿਆਂ ਦਾ ਲਿਖਤੀ ਹੋਣਾ ਜ਼ਰੂਰੀ ਨਹੀਂ ਹੈ, ਪਰ ਸਾਲਸ ਸਮਝੌਤੇ ਦੀਆਂ ਸ਼ਰਤਾਂ ਨੂੰ ਇੱਕ Acas ਫ਼ਾਰਮ 'ਤੇ ਦਰਜ ਕਰੇਗਾ ਅਤੇ ਸਮਝੌਤੇ ਦੇ ਸਬੂਤ ਦੇ ਰੂਪ ਵਿੱਚ ਇਸਨੂੰ ਮਾਲਕ ਅਤੇ ਕਰਮਚਾਰੀ ਨੂੰ ਦਸਤਖਤ ਕਰਨ ਲਈ ਭੇਜੇਗਾ।

ਜੇ ਅਸੀਂ ਸਮਝੌਤੇ 'ਤੇ ਨਹੀਂ ਪਹੁੰਚ ਸਕਦੇ ਹਾਂ, ਤਾਂ ਕੀ ਹੁੰਦਾ ਹੈ?

ਇਹ ਫ਼ੈਸਲਾ ਕਰਨਾ ਕਰਮਚਾਰੀ 'ਤੇ ਨਿਰਭਰ ਕਰੇਗਾ ਕਿ ਉਹ ਇੰਪਲॉਇਮੈਂਟ ਟ੍ਰਾਇਬਿਊਨਲ ਨੂੰ ਕੋਈ ਕਲੇਮ ਪੇਸ਼ ਕਰਨਾ ਚਾਹੁੰਦਾ ਹੈ ਜਾਂ ਨਹੀਂ। ਜੇ ਉਹ ਚਾਹੁੰਦਾ ਹੈ, ਤਾਂ ਟ੍ਰਾਇਬਿਊਨਲ ਦੀ ਸੁਣਵਾਈ ਦੀ ਲੋੜ ਦੇ ਬਿਨਾਂ ਮਾਮਲੇ ਦਾ ਹੱਲ ਕਰਨ ਦੇ ਉਦੇਸ਼ ਨਾਲ Acas ਰਾਜ਼ੀਨਾਮਾ ਪੇਸ਼ ਕਰਨਾ ਜਾਰੀ ਰੱਖੇਗੀ।

ਸੂਚਿਤ ਕਰਨਾ

ਸਲਾਹ ਦੇਣੀ

ਸਿਖਲਾਈ ਪ੍ਰਾਪਤ ਕਰਨੀ

ਤੁਹਾਡੇ ਨਾਲ ਕੰਮ ਕਰਨਾ

ਮੈਨੂੰ ਵਧੇਰੇ ਜਾਣਕਾਰੀ ਜਾਂ ਸਲਾਹ ਕਿੱਥੋਂ ਮਿਲ ਸਕਦੀ ਹੈ?

ਜੇ ਤੁਸੀਂ ਪਹਿਲਾਂ ਹੀ ਕਿਸੇ Acas ਸਾਲਸ ਨਾਲ ਗੱਲ ਕਰ ਲਈ ਹੈ, ਤਾਂ ਤੁਸੀਂ ਦੇਖੋਗੇ ਕਿ ਉਹ ਤੁਹਾਡੀ ਸਥਿਤੀ ਦੇ ਅਨੁਰੂਪ ਸਲਾਹ ਅਤੇ ਜਾਣਕਾਰੀ ਦੇ ਸ੍ਰੋਤਾਂ ਨੂੰ ਪਛਾਨਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਜੇ ਨਹੀਂ, ਤਾਂ ਹੇਠਾਂ ਲਿਖੇ ਸੰਗਠਨ ਸਹਾਇਕ ਹੋ ਸਕਦੇ ਹਨ:

- Acas ਹੈਲਪਲਾਈਨ (08457 47 47 47) ਰੁਜ਼ਗਾਰ ਸੰਬੰਧੀ ਅਧਿਕਾਰਾਂ ਬਾਰੇ ਜਾਣਕਾਰੀ ਅਤੇ ਸਲਾਹ ਦੇ ਸਕਦੀ ਹੈ, ਪਰ ਕਿਸੇ ਕਲੇਮ ਨੂੰ ਤਿਆਰ ਕਰਨ ਅਤੇ ਉਸਨੂੰ ਟ੍ਰਾਇਬਿਊਨਲ ਅੱਗੇ ਪੇਸ਼ ਕਰਨ ਵਿੱਚ ਸਹਾਇਤਾ ਨਹੀਂ ਕਰ ਸਕਦੀ ਹੈ।

- ਤੁਸੀਂ ਮੁਫ਼ਤ ਸਲਾਹ ਲਈ ਅਤੇ ਨੈਸ਼ਨਲ ਮਿਨੀਮਮ ਵੇਜ (ਰਾਸ਼ਟਰੀ ਘੱਟੋ-ਘੱਟ ਮਜ਼ਦੂਰੀ), ਐਗ੍ਰੀਕਲਚਰਲ ਮਿਨੀਮਮ ਵੇਜ (ਖੇਤੀਬਾੜੀ ਵਿੱਚ ਘੱਟੋ-ਘੱਟ ਮਜ਼ਦੂਰੀ), ਇੰਪਲ�ॉਇਮੈਂਟ ਏਜੰਸੀਆਂ, ਕੰਮ ਕਰਨ ਦੇ ਸਮੇਂ ਦੀਆਂ ਸੀਮਾਵਾਂ, ਅਤੇ ਕਿਸੇ ਗੈਂਗਮਾਸਟਰ ਲਈ ਕੰਮ ਕਰਨ ਬਾਰੇ ਦੁਰਵਿਹਾਰ ਦੀ ਰਿਪੋਰਟ ਕਰਨ ਲਈ ਪੇ ਐਂਡ ਵਰਕ ਰਾਈਟਸ (ਤਨਖਾਹ ਅਤੇ ਕੰਮ ਸੰਬੰਧੀ ਅਧਿਕਾਰ) ਹੈਲਪਲਾਈਨ ਨੂੰ ਫ਼ੋਨ ਕਰ ਸਕਦੇ ਹੋ। ਟੈਲੀਫ਼ੋਨ ਨੰਬਰ ਹੈ 0800 917 2368, ਜਾਂ ਟੈਕਸਟਫ਼ੋਨ 0800 121 4042 ਅਤੇ http://payandworkrightscampaign.direct.gov.uk/index.html

- ਇਕਵੈਲਿਟੀ ਡਾਇਰੈਕਟ (08456 00 34 44), ਮਾਲਕਾਂ (ਇਸ ਸਮੇਂ ਸਿਰਫ਼ ਇੰਗਲੈਂਡ ਵਿੱਚ) ਨੂੰ ਬਰਾਬਰੀ ਕਨੂੰਨ ਅਤੇ ਕੰਮ ਕਰਨ ਦੇ ਚੰਗੇ ਤਰੀਕਿਆਂ ਬਾਰੇ ਮੁਫ਼ਤ ਸਲਾਹ ਅਤੇ ਜਾਣਕਾਰੀ ਦੇ ਸਕਦਾ ਹੈ।

- ਇਕਵੈਲਿਟੀ ਐਂਡ ਹਿਊਮਨ ਰਾਈਟਸ ਕਮੀਸ਼ਨ (EHRC) ਬਰਾਬਰ ਤਨਖ਼ਾਹ ਅਤੇ ਹਰ ਤਰ੍ਹਾਂ ਦੇ ਭੇਦਭਾਵ ਨਾਲ ਸੰਬੰਧਤ ਮਾਮਲਿਆਂ 'ਤੇ ਮੁਫ਼ਤ ਮਦਦ ਅਤੇ ਸਲਾਹ ਦੇ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ 0845 604 (ਇਸਦੇ ਬਾਅਦ ਇੰਗਲੈਂਡ ਲਈ 6610; ਸਕੋਟਲੈਂਡ ਲਈ 5510; ਅਤੇ ਵੇਲਸ ਲਈ 8810 ਲਗਾਓ) 'ਤੇ ਫ਼ੋਨ ਕਰੋ ਅਤੇ ਆਪਣੇ ਸਭ ਤੋਂ ਨੇੜੇ ਆਫ਼ਿਸ ਦਾ ਵੇਰਵਾ ਪ੍ਰਾਪਤ ਕਰਨ ਲਈ www.equalityhumanrights.com 'ਤੇ ਜਾਉ

- ਟ੍ਰੇਡ ਯੂਨਿਅਨਾਂ (ਵਪਾਰ ਸੰਘ) ਅਤੇ ਮਾਲਕਾਂ ਦੇ ਸੰਘ ਸ਼ਾਇਦ ਆਪਣੇ ਮੈਂਬਰਾਂ ਨੂੰ ਸਲਾਹ ਅਤੇ ਸਹਾਇਤਾ ਦੇ ਸਕਦੇ ਹਨ।

- ਸਿਟੀਜ਼ੰਸ ਅਡਵਾਇਸ ਬਿਊਰੋ, ਵਕੀਲ, ਲਾ ਸੈਂਟਰ ਅਤੇ ਕੁਝ ਵਿਸ਼ੇਸ਼ੱਗ ਸਲਾਹਕਾਰ, ਰੁਜ਼ਗਾਰ ਸੰਬੰਧੀ ਅਧਿਕਾਰਾਂ ਅਤੇ ਸੰਭਾਵਿਤ ਕਲੇਮਾਂ ਨਾਲ ਸੰਬੰਧਤ ਸਾਰੇ ਮਾਮਲਿਆਂ ਬਾਰੇ ਸਲਾਹ ਅਤੇ ਪ੍ਰਤਿਨਿਧਤਾ ਮੁਹੱਈਆ ਕਰ ਸਕਦੇ ਹਨ।

- ਇੰਪਲॉਇਮੈਂਟ ਟ੍ਰਾਇਬਿਊਨਲ ਦੀ ਜਨਤਕ ਪੁੱਛਗਿੱਛ ਲਾਈਨ (ਫ਼ੋਨ: 0845 795 9775; ਮਿਨੀਕਾਮ: 0845 757 3722) ਦੱਸ ਸਕਦੀ ਹੈ ਕਿ ਟ੍ਰਾਇਬਿਊਨਲ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ ਅਤੇ ਟ੍ਰਾਇਬਿਊਨਲ ਦੇ ਪ੍ਰਕਾਸ਼ਨਾਂ ਬਾਰੇ ਜਾਣਕਾਰੀ ਦੇ ਸਕਦੀ ਹੈ। ਉਹ ਕਨੂੰਨੀ ਸਲਾਹ ਨਹੀਂ ਦਿੰਦੇ ਹਨ ਜਿਵੇਂ ਕਿ ਕਿਸੇ ਕਲੇਮ ਜਾਂ

ਜਵਾਬ 'ਤੇ ਸਲਾਹ ਦੇਣੀ। ਇੰਪਲ�ॉਇਮੈਂਟ ਟ੍ਰਾਇਬਿਊਨਲ ਦੀ ਵੈਬਸਾਈਟ www.employmenttribunals.gov.uk 'ਤੇ ਮਾਲਕਾਂ ਅਤੇ ਕਰਮਚਾਰੀਆਂ ਲਈ ਉਪਯੋਗੀ ਜਾਣਕਾਰੀ ਸ਼ਾਮਲ ਹੈ।

8 ACAS ਕਿਵੇਂ ਮਦਦ ਕਰ ਸਕਦੀ ਹੈ

ਛਪੀ ਹੋਈ ਜਾਣਕਾਰੀ

ਟ੍ਰੇਡ ਯੂਨੀਅਨਾਂ, ਮਾਲਕਾਂ ਦੀਆਂ ਸੰਸਥਾਵਾਂ, ਸਿਟੀਜ਼ੰਸ ਅਡਵਾਇਸ ਬਿਊਰੋ ਅਤੇ ਲਾ ਸੈਂਟਰਾਂ ਤੋਂ ਕਿਤਾਬਚੇ ਉਪਲਬਧ ਹਨ ਜਿਨ੍ਹਾਂ ਵਿੱਚ ਟ੍ਰਾਇਬਿਊਨਲ ਦੀਆਂ ਪ੍ਰਕਿਰਿਆਵਾਂ ਦੱਸੀਆਂ ਗਈਆਂ ਹਨ।

ਡਾਟਾ ਸੁਰੱਖਿਆ ਅਧਿਨਿਯਮ 1998

ਜੇ ਤੁਹਾਨੂੰ ਰੁਜ਼ਗਾਰ ਸੰਬੰਧੀ ਕਿਸੇ ਅਧਿਕਾਰ ਬਾਰੇ ਕੋਈ ਸ਼ਿਕਾਇਤ ਹੈ ਜਾਂ ਤੁਸੀਂ ਕਿਸੇ ਰੁਜ਼ਗਾਰ ਸੰਬੰਧੀ ਅਧਿਕਾਰ ਦਾ ਜਵਾਬ ਦੇ ਰਹੇ ਹੋ, ਤਾਂ Acas ਤੁਹਾਡੇ ਵਲੋਂ ਸਾਨੂੰ ਦਿੱਤੀ ਗਈ ਕੁਝ ਜਾਣਕਾਰੀ ਨੂੰ ਕੰਪਿਊਟਰ 'ਤੇ ਪਾ ਦਵੇਗੀ। ਇਸ ਨਾਲ ਸਾਨੂੰ ਤਰੱਕੀ 'ਤੇ ਨਿਗਰਾਨੀ ਰੱਖਣ ਵਿੱਚ ਅਤੇ ਅੰਕੜੇ ਤਿਆਰ ਕਰਨ ਵਿੱਚ ਮਦਦ ਮਿਲਦੀ ਹੈ। ਜਾਣਕਾਰੀ ਡਿਪਾਰਟਮੈਂਟ ਫ਼ਾਰ ਬਿਜ਼ਨੇਸ, ਇਨੋਵੇਸ਼ਨ ਐਂਡ ਸਕਿਲਜ਼ (BIS) ਨੂੰ ਦਿੱਤੀ ਜਾ ਸਕਦੀ ਹੈ।

ਅਤੇ ਅੰਤ ਵਿੱਚ ...

ਅਸੀਂ ਹਰ ਸਮੇਂ ਇੱਕ ਉੱਚੇ ਪੱਧਰ ਦੀ ਸੇਵਾ ਮੁਹੱਈਆ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਾਂ ਪਰ ਜੇ ਤੁਸੀਂ ਤੁਹਾਨੂੰ ਮਿਲੀ ਸੇਵਾ ਤੋਂ ਸੰਤੁਸ਼ਟ ਨਹੀਂ ਹੋ, ਤਾਂ ਤੁਹਾਨੂੰ ਆਪਣੇ ਕੇਸ 'ਤੇ ਕੰਮ ਕਰਨ ਵਾਲੇ Acas ਆਫ਼ਿਸ ਦੇ ਡਾਇਰੈਕਟਰ ਨੂੰ ਚਿੱਠੀ ਲਿਖਣੀ ਚਾਹੀਦੀ ਹੈ। ਮੁੱਖ Acas ਆਫ਼ਿਸਾਂ ਦੇ ਪਤੇ ਇਸ ਕਿਤਾਬਚੇ ਦੇ ਪਿੱਛੇ ਦਿੱਤੇ ਗਏ ਹਨ।

ਸੂਚਿਤ ਕਰਨਾ

ਸਲਾਹ ਦੇਣੀ

ਸਿਖਲਾਈ ਪ੍ਰਾਪਤ ਕਰਨੀ

ਤੁਹਾਡੇ ਨਾਲ ਕੰਮ ਕਰਨਾ

ਇਸ ਪੁਸਤਿਕਾ ਵਿੱਚ ਦਿੱਤੀ ਗਈ ਜਾਣਕਾਰੀ ਆਖ਼ਰੀ ਮੁੜ-ਛਪਾਈ ਦੀ ਤਾਰੀਖ਼ ਤਕ ਸੋਧੀ ਗਈ ਹੈ - ਹੇਠਾਂ ਦੇਖੋ।

Acas ਦਾ ਉਦੇਸ਼ ਹੈ ਬਿਹਤਰ ਰੁਜ਼ਗਾਰ ਸੰਬੰਧਾਂ ਦੇ ਮਾਧਿਅਮ ਨਾਲ ਸੰਗਠਨਾਂ ਅਤੇ ਕੰਮਕਾਜੀ ਜੀਵਨ ਵਿੱਚ ਸੁਧਾਰ ਲਿਆਉਣਾ। ਅਸੀਂ ਤਾਜ਼ਾ ਜਾਣਕਾਰੀ, ਸੁਤੰਤਰ ਸਲਾਹ, ਉੱਚੇ ਪੱਧਰ ਦੀ ਸਿਖਲਾਈ ਮੁਹੱਈਆ ਕਰਦੇ ਹਾਂ ਅਤੇ ਅਸੀਂ ਸਮੱਸਿਆਵਾਂ ਨੂੰ ਹੱਲ ਕੀਤੇ ਜਾਣ ਅਤੇ ਕੰਮ ਦੇ ਪ੍ਰਦਰਸ਼ਨ ਵਿੱਚ ਸੁਧਾਰ ਲਿਆਉਣ ਲਈ ਮਾਲਕਾਂ ਅਤੇ ਕਰਮਚਾਰੀਆਂ ਦੇ ਨਾਲ ਮਿਲ ਕੇ ਕੰਮ ਕਰਦੇ ਹਾਂ।

ਅਸੀਂ ਇੱਕ ਸੁਤੰਤਰ, ਜਨਤਕ ਤੌਰ 'ਤੇ ਧਨ ਪ੍ਰਾਪਤ ਕਰਨ ਵਾਲਾ ਸੰਗਠਨ ਹਾਂ ਅਤੇ ਸਾਡੀਆਂ ਸੇਵਾਵਾਂ ਦੇ ਵਿੱਚੋਂ ਬਹੁਤ ਸਾਰੀਆਂ ਸੇਵਾਵਾਂ ਮੁਫ਼ਤ ਹਨ।

ਅਪ੍ਰੈਲ 2009

Acas ਤੁਹਾਡੇ ਰੁਜ਼ਗਾਰ ਸੰਬੰਧਾਂ ਦੀਆਂ ਲੋੜਾਂ ਵਿੱਚ ਮਦਦ ਕਰ ਸਕਦੀ ਹੈ

ਹਰ ਸਾਲ Acas ਹਜ਼ਾਰਾਂ ਕੰਮ ਦੇ ਸਥਾਨਾਂ ਤੋਂ ਆਏ ਹੋਏ ਮਾਲਕਾਂ ਅਤੇ ਕਰਮਚਾਰੀਆਂ ਦੀ ਮਦਦ ਕਰਦੀ ਹੈ। ਇਸਦਾ ਅਰਥ ਇਹ ਹੈ ਕਿ ਸਾਡੇ ਕੋਲ ਮੌਜੂਦਾ ਸਮੇਂ ਦੇ ਰੁਜ਼ਗਾਰ ਸੰਬੰਧਾਂ ਦੇ ਮੁੱਦਿਆਂ ਬਾਰੇ ਤਾਜ਼ਾ ਜਾਣਕਾਰੀ ਹੈ - ਜਿਵੇਂ ਕਿ ਅਨੁਸ਼ਾਸਨ ਅਤੇ ਸ਼ਿਕਾਇਤ ਪ੍ਰਬੰਧ, ਭੇਦਭਾਵ ਨੂੰ ਰੋਕਣਾ ਅਤੇ ਕੰਮ ਦੇ ਸਥਾਨਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨਾ। ਆਪਣੇ ਸੰਗਠਨ ਲਈ ਸਾਡੇ ਵਿਹਾਰਕ ਅਨੁਭਵ ਦਾ ਵੱਧ ਤੋਂ ਵੱਧ ਲਾਭ ਲਵੋ - ਪਤਾ ਕਰੋ ਕਿ ਅਸੀਂ ਤੁਹਾਡੇ ਲਈ ਕੀ ਕਰ ਸਕਦੇ ਹਾਂ।

ਅਸੀਂ ਸੂਚਿਤ ਕਰਦੇ ਹਾਂ

ਅਸੀਂ ਤੁਹਾਡੇ ਪ੍ਰਸ਼ਨਾਂ ਦਾ ਉੱਤਰ ਦਿੰਦੇ ਹਾਂ, ਤੁਹਾਡੀ ਲੋੜ ਦੇ ਤੱਥ ਤੁਹਾਨੂੰ ਦਿੰਦੇ ਹਾਂ ਅਤੇ ਤੁਹਾਡੀਆਂ ਚੋਣਾਂ 'ਤੇ ਗੱਲਬਾਤ ਕਰਦੇ ਹਾਂ। ਉਸ ਤੋਂ ਬਾਅਦ ਤੁਸੀਂ ਜਾਣਕਾਰੀ ਸਹਿਤ ਫ਼ੈਸਲੇ ਲੈ ਸਕਦੇ ਹੋ। ਰੁਜ਼ਗਾਰ ਅਧਿਕਾਰਾਂ ਦੇ ਕਨੂੰਨ ਦਾ ਅਮਲੀ ਰੂਪ ਵਿੱਚ ਕੀ ਭਾਵ ਹੈ, ਇਸ ਬਾਰੇ ਤਾਜ਼ਾ ਜਾਣਕਾਰੀ ਲੈਣ ਲਈ ਸਾਡੇ ਨਾਲ ਸੰਪਰਕ ਕਰੋ - ਇਸ ਤੋਂ ਪਹਿਲਾਂ ਕਿ ਤੁਸੀਂ ਇਹਨਾਂ ਮਾਮਲਿਆਂ ਦੇ ਹੇਠਾਂ ਦਬ ਜਾਉ। ਸਾਡੀ ਹੈਲਪਲਾਈਨ 08457 47 47 47 'ਤੇ ਫ਼ੋਨ ਕਰੋ ਜਾਂ ਸਾਡੀ ਵੈਬਸਾਈਟ www.acas.org.uk 'ਤੇ ਜਾਉ।

ਅਸੀਂ ਸਲਾਹ ਅਤੇ ਸੇਧ ਦਿੰਦੇ ਹਾਂ

ਅਸੀਂ ਤੁਹਾਡੇ ਸੰਗਠਨ ਵਿੱਚ ਚੰਗੇ ਸੰਬੰਧ ਬਣਾਉਣ ਅਤੇ ਉਹਨਾਂ ਨੂੰ ਕਾਇਮ ਰੱਖਣ ਬਾਰੇ ਤੁਹਾਨੂੰ ਵਿਹਾਰਕ ਜਾਣਕਾਰੀ ਦਿੰਦੇ ਹਾਂ। ਵੈਬਸਾਈਟ 'ਤੇ ਸਾਡੇ ਪ੍ਰਕਾਸ਼ਨ ਦੇਖੋ ਜਾਂ ਸਾਡੀ ਹੈਲਪਲਾਈਨ ਨੂੰ ਕਹੋ ਕਿ ਉਹ ਤੁਹਾਡਾ ਸੰਪਰਕ ਤੁਹਾਡੇ ਸਥਾਨਕ Acas ਸਲਾਹਕਾਰ ਨਾਲ ਕਰਾ ਦੇਣ। ਸਾਡੀ ਇਕਵੈਲਿਟੀ ਡਾਇਰੈਕਟ ਹੈਲਪਲਾਈਨ 08456 00 34 44 ਬਰਾਬਰੀ ਦੇ ਮੁੱਦਿਆਂ, ਜਿਵੇਂ ਕਿ ਭੇਦਭਾਵ, 'ਤੇ ਸਲਾਹ ਦਿੰਦੀ ਹੈ।

ਅਸੀਂ ਸਿਖਲਾਈ ਦਿੰਦੇ ਹਾਂ

ਨਵੇਂ ਕਨੂੰਨ ਜਾਂ ਲੋਕਾਂ ਨੂੰ ਨੌਕਰੀ 'ਤੇ ਰੱਖਣ ਦੇ ਅਹਿਮ ਪੱਖਾਂ 'ਤੇ ਦੋ ਘੰਟੇ ਦੇ ਸੈਸ਼ਨ ਤੋਂ ਲੈਕੇ ਤੁਹਾਡੇ ਸੰਗਠਨ ਦੇ ਲੋਕਾਂ ਲਈ ਖ਼ਾਸ ਤੌਰ 'ਤੇ ਤਿਆਰ ਕੀਤੇ ਗਏ ਕੋਰਸਾਂ ਤਕ, ਅਸੀਂ ਤੁਹਾਡੇ ਲਈ ਢੁਕਵੀਂ ਸਿਖਲਾਈ ਪੇਸ਼ ਕਰਦੇ ਹਾਂ। ਕੋਈ ਸ਼ੱਕ ਨਹੀ ਕਿ, Acas ਦੇ ਇਲਾਵਾ ਅਜਿਹੀਆਂ ਸੇਵਾਵਾਂ ਦੇਣ ਵਾਲੇ ਹੋਰ ਸੰਗਠਨ ਵੀ ਹੋ ਸਕਦੇ ਹਨ। ਤੁਹਾਡੇ ਇਲਾਕੇ ਵਿੱਚ ਕੀ ਆ ਰਿਹਾ ਹੈ, ਇਹ ਜਾਣਨ ਲਈ ਅਤੇ ਇੱਕ ਸਥਾਨ ਬੁੱਕ ਕਰਨ ਲਈ ਵੈਬਸਾਈਟ www.acas.org.uk/training ਦੇਖੋ ਜਾਂ ਸਾਡੀ ਲੋੜ ਦੇ ਅਨੁਸਾਰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਆਪਣੇ ਸਥਾਨਕ Acas ਆਫ਼ਿਸ ਵਿੱਚ ਗੱਲ ਕਰੋ।

ਅਸੀਂ ਤੁਹਾਡੇ ਨਾਲ ਕੰਮ ਕਰਦੇ ਹਾਂ

ਅਸੀਂ ਤੁਹਾਡੇ ਨਾਲ ਮਿਲ ਕੇ ਤੁਹਾਡੇ ਕਾਰੋਬਾਰ ਦੇ ਮੁੱਦਿਆਂ ਨਾਲ ਨਿਪਟਣ ਲਈ ਸਰਗਰਮ ਹਿੱਸੇਦਾਰੀ ਦੇ ਨਾਲ ਵਿਹਾਰਕ ਮਦਦ ਅਤੇ ਸਹਾਇਤਾ ਪੇਸ਼ ਕਰਦੇ ਹਾਂ। ਇਹ ਸਾਡੀ ਨਾਮੀ ਸਮੱਸਿਆ ਹੱਲ ਕਰਨ ਵਾਲੀਆਂ ਸੇਵਾਵਾਂ ਦੇ ਵਿੱਚੋਂ ਇੱਕ ਰਾਹੀਂ ਕੀਤਾ ਜਾ ਸਕਦਾ ਹੈ। ਜਾਂ ਕਿਸੇ ਅਜਿਹੇ ਪ੍ਰੋਗ੍ਰਾਮ ਦੁਆਰਾ ਕੀਤਾ ਜਾ ਸਕਦਾ ਹੈ ਜਿਸਨੂੰ ਅਸੀਂ ਪ੍ਰਭਾਵਸ਼ਾਲੀ ਰੁਜ਼ਗਾਰ ਸੰਬੰਧਾਂ ਲਈ ਤੁਹਾਡੇ ਕਾਰੋਬਾਰ ਨੂੰ ਮਜ਼ਬੂਤੀ ਨਾਲ ਸਹੀ ਰਸਤਿਆਂ 'ਤੇ ਲਿਆਉਣ ਲਈ ਮਿਲ ਕੇ ਤਿਆਰ ਕੀਤਾ

ਹੈ। ਤੁਸੀਂ ਆਪਣੇ Acas ਸਲਾਹਕਾਰ ਨੂੰ ਮਿਲੋਗੇ ਅਤੇ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਵਿਚਾਰ ਵਟਾਂਦਰਾ ਕਰੋਗੇ ਕਿ ਅਸਲ ਵਿੱਚ ਕਿਸ ਕਾਰਵਾਈ ਦੀ ਲੋੜ ਹੈ।

Acas ਦੇ ਮੁੱਖ ਆਫ਼ਿਸ

Acas ਨੈਸ਼ਨਲ
22nd Floor, Euston Tower,
286 Euston Road, London NW1 3JJ

ਈਸਟ ਮਿਡਲੈਂਡਜ਼
Lancaster House, 10 Sherwood Rise,
Nottingham NG7 6JE

ਈਸਟ ਆਫ਼ ਇੰਗਲੈਂਡ
Acas House, Kempson Way, Suffolk
Business Park, Bury St. Edmunds,
Suffolk IP32 7AR

ਲੰਦਨ
23rd Floor, Euston Tower,
286 Euston Road, London NW1 3JJ

ਨੋਰਥ ਈਸਟ
Cross House, Westgate Road,
Newcastle upon Tyne NE1 4XX

ਨੋਰਥ ਵੈਸਟ
Commercial Union House,
2-10 Albert Square, Manchester M60
8AD

Pavilion 1, The Matchworks, Speke
Road,
Speke, Liverpool L19 2PH

ਸਕੋਟਲੈਂਡ
151 West George Street, Glasgow
G2 2JJ

ਸਾਉਥ ਈਸਟ
Cygnus House, Ground Floor,
Waterfront
Business Park, Fleet, Hampshire
GU51 3QT

Suites 3-5, Business Centre,
1-7 Commercial Road, Paddock
Wood,
Kent TN12 6EN

ਸਾਉਥ ਵੈਸਟ
The Waterfront, Welsh Back,
Bristol BS1 4SB

ਵੇਲਸ
3 Purbeck House, Lambourne
Crescent,
Llanishen, Cardiff CF14 5GJ

ਵੇਸਟ ਮਿਡਲੈਂਡਜ਼
Apex House, 3 Embassy Drive,
Calthorpe Road, Egbaston,
Birmingham B15 1TR

ਯੋਰਕਸ਼ਾਇਰ ਐਂਡ ਹੰਬਰ
The Cube, 123 Albion Street,
Leeds LS2 8ER

ਹੈਲਪਲਾਈਨ **08457 47 47 47**

08456 06 16 00
ਮਿਨੀਕਾਮ ਵਰਤਣ ਵਾਲਿਆਂ ਲਈ

08456 00 34 44
ਕੰਮ ਦੇ ਸਥਾਨ 'ਤੇ ਬਰਾਬਰੀ ਨਾਲ ਨਜਿੱਠਣ ਬਾਰੇ ਪ੍ਰਸ਼ਨਾਂ ਲਈ

www.acas.org.uk

04/09